ਓ.ਐਸ.ਡੀ .ਏ. ਵੀ. ਪਬਲਿਕ ਸਕੂਲ,ਕੈਥਲ
**ਨਵੰਬਰ ਪ੍ਰੀਖਿਆ (2024-25)**
**ਜਮਾਤ: ਅੱਠਵੀਂ** SET-A
**ਵਿਸ਼ਾ: ਪੰਜਾਬੀ**

**ਸਮਾਂ: 1:20 ਘੰਟਾ** **ਅਧਿਕਤਮ ਅੰਕ: 30**

ਜਰੂਰੀ ਹਦਾਇਤਾਂ :- 1) ਲਿਖਾਈ ਸਾਫ ਅਤੇ ਸੁਥਰੀ ਲਿਖੋ।
2) ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ।

| ਪ੍ਰਸ਼ਨ. | ਭਾਗ-ਓ (ਵਿਆਕਰਨ ) | ਅੰਕ |
|---|---|---|
| 1 | ਹੇਠ ਲਿਖੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-<br>ਸਾਫ- ਸਫਾਈ ਮਨੁੱਖ ਦੇ ਜੀਵਨ ਦੀ ਅਧਾਰਸ਼ਿਲਾ ਹੈ । ਪ੍ਰਕ੍ਰਿਤੀ ਦਾ ਅੰਗ ਹੋਣ ਦੇ ਕਾਰਨ ਮਨੁੱਖ ਦਾ ਸਰੀਰ ਉਦੋਂ ਤੱਕ ਸਵਸਥ ਰਹਿ ਸਕਦਾ ਹੈ ਜਦੋਂ ਤੱਕ ਉਸਦੇ ਚਾਰੋਂ ਤਰਫ ਦਾ ਵਾਤਾਵਰਣ ਸਾਫ ਸੁਥਰਾ ਹੈ। ਸਾਡੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਵੀ ਸਵੱਛਤਾ ਨੂੰ ਰਾਸ਼ਟਰ ਅੰਦੋਲਨ ਦਾ ਇੱਕ ਅੰਗ ਮੰਨਦੇ ਸਨ। ਉਹਨਾਂ ਨੇ ਭਾਰਤ ਦੇ ਪਿੰਡਾਂ ਵਿੱਚ ਵੀ ਸਵੱਛਦਾ ਦੇ ਉੱਪਰ ਪੂਰਾ ਜ਼ੋਰ ਦਿੱਤਾ ਸੀ ,ਪਰ ਹੁਣ ਅਜਿਹੀ ਸਥਿਤੀ ਆ ਗਈ ਹੈ ਤੇ ਸਾਡੇ ਪਿੰਡ ਹੀ ਨਹੀਂ ਸਾਡੇ ਸ਼ਹਿਰ ਵੀ ਬਹੁਤ ਗੰਦੇ ਹੁੰਦੇ ਜਾ ਰਹੇ ਹਨ ।ਹਵਾ ਪ੍ਰਦੂਸ਼ਣ ਸਭ ਤੋਂ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਸ਼ਹਿਰਾਂ ਵਿੱਚ ਲੋਕਾਂ ਨੂੰ ਸਾਹ ਲੈਣ ਵਾਸਤੇ ਸਾਫ ਹਵਾ ਨਹੀਂ ਮਿਲ ਸਕਦੀ। ਗੰਦਗੀ ਦੇ ਇਸ ਵਧਦੇ ਹੋਏ ਵਾਤਾਵਰਨ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਵੀ 'ਸਵੱਛ ਭਾਰਤ ਸਵਸਥ ਭਾਰਤ'ਦਾ ਨਾਰਾ ਦਿੱਤਾ ਹੈ। ਉਹਨਾਂ ਦਾ ਮੰਤਵ ਇਹ ਹੈ ਕਿ ਸਾਡਾ ਭਾਰਤ ਸਾਫ ਹੋਵੇਗਾ ਤਾਂ ਹੀ ਸਾਡੇ ਭਾਰਤ ਦੇ ਲੋਕ ਸਵਸਥ ਹੋਣਗੇ। ਇਸ ਕਰਕੇ ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ ਦੇਸ਼ ਨੂੰ ਸਾਫ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ।<br><br>ਪ੍ਰਸ਼ਨ:-1) ਮਨੁੱਖ ਦੇ ਜੀਵਨ ਦੀ ਅਧਾਰਸ਼ਿਲਾ ਕੀ ਹੈ?<br>ਪ੍ਰਸ਼ਨ:-2) ਕੌਣ ਸਵੱਛਤਾ ਨੂੰ ਰਾਸ਼ਟਰ ਅੰਦੋਲਨ ਦਾ ਇੱਕ ਅੰਗ ਮੰਨਦੇ ਸਨ?<br>ਪ੍ਰਸ਼ਨ:-3) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਕੀ ਨਾਰਾ ਦਿੱਤਾ ਹੈ?<br>ਪ੍ਰਸ਼ਨ:-4) ਕਿਹੜੀ ਸਮੱਸਿਆ ਅੱਜ ਦੇ ਸਮੇਂ ਦੀ ਮੁੱਖ ਸਮੱਸਿਆ ਬਣਦੀ ਜਾ ਰਹੀ ਹੈ?<br>ਪ੍ਰਸ਼ਨ:-5) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ? | (5) |
| 2 | **ਬਹੁਵਿਕਲਪੀ ਪ੍ਰਸ਼ਨ:- ਸ਼ੁੱਧ ਸ਼ਬਦ ਜੋੜ ਚੁਣੋ:-**<br>1. ਬੰਦਰ 2. ਬਾਦੰਰ 3. ਬਾਂਦਰ 4. ਬਦਰੰ | (1) |
| 3 | **ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਹੈ:- ਖੱਟੀ**<br>1) ਗਹਿਣਾ 2) ਥੱਕਣਾ 3) ਇੱਕ ਸੁਆਦ 4) ਹਾਰਨਾ | (1) |
| 4 | **ਹੇਠ ਲਿਖੇ ਅਗੇਤਰ ਲਗਾ ਕੇ ਦੋ ਸ਼ਬਦ ਬਣਾਓ:-** ਸਵੈ | (1) |
| 5 | **ਹੇਠ ਲਿਖੇ ਪਿਛੇਤਰ ਲਗਾ ਕੇ ਦੋ ਸ਼ਬਦ ਬਣਾਓ:-** ਸ਼ਾਲਾ | (1) |
| 6 | **ਵਿਸਰਾਮ ਚਿੰਨ੍ਹ ਲਗਾਓ:-** ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਨੌਵੇਂ ਗੁਰੂ ਲਈ ਬਾਬਾ ਬਕਾਲੇ ਸ਼ਬਦ ਕਹਿ ਕੇ ਜੋਤੀ ਜੋਤ ਸਮਾ ਗਏ | (2) |
| 7 | **ਵਿਰੋਧੀ ਸ਼ਬਦ ਲਿਖੋ:-** ਤਕੜਾ | (1) |
| 8 | **ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:-** ਨਾਵਲ ਲਿਖਣ ਵਾਲਾ। | (1) |
| 9 | **ਹੇਠ ਲਿਖੇ ਮੁਹਾਵਰੇ ਦਾ ਅਰਥ ਲਿਖ ਕੇ ਵਾਕ ਬਣਾਓ:-** ਹੱਥ ਮਲਣਾ | (1) |

| | | |
|---|---|---|
| 10 | **(ਬਹੁਵਿਕਲਪੀ ਪ੍ਰਸ਼ਨ)' ਸੋ ਦਿਨ ਚੋਰ ਦੇ ਇੱਕ ਦਿਨ ਸਾਧ ਦਾ'** ਇਹ ਅਖਾਣ ਕਿਹੜੇ ਮੌਕੇ ਤੇ ਵਰਤਿਆ ਜਾਂਦਾ ਹੈ।<br>1) ਹੰਕਾਰ ਕਰਨ ਦੇ ਨੁਕਸਾਨ ਹੁੰਦੇ ਹਨ।<br>2) ਚੋਰ ਜਾਂ ਦੋਸ਼ੀ ਕਦੇ ਨਾ ਕਦੇ ਕਾਬੂ ਆ ਹੀ ਜਾਂਦਾ ਹੈ।<br>3) ਕਸੂਰ ਕੋਈ ਕਰੇ ਤੇ ਸਜ਼ਾ ਕੋਈ ਹੋਰ ਭੁਗਤੇ।<br>4) ਜਦੋਂ ਚੀਜ਼ ਘੱਟ ਤੇ ਮੰਗ ਵੱਧ ਹੋਵੇ। | **(1)** |
| | **ਭਾਗ-ਅ (ਪਾਠ ਪੁਸਤਕ)** | |
| 11 | **ਹੇਠ ਲਿਖੇ ਕਾਵਿ ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-**<br>"ਸਰੂਆਂ ਵਰਗੇ, ਸੋਨੇ ਵਰਗੇ, ਹੀਰੇ ਪੁੱਤਰ ਮਾਵਾਂ ਦੇ, ਚਾਅ ਜਿਨਾਂ ਦੇ ਮਿਲਣ ਵਾਸਤੇ, ਰੋਂਦੇ ਭੈਣ ਭਰਾਵਾਂ ਦੇ।<br>ਬੁੱਢੇ ਬਾਪੂ ਖੜੇ ਉਡੀਕਣ ,ਗੱਭਰੂ ਪੁੱਤ ਜਵਾਨਾਂ ਨੂੰ, ਉਹ ਦੁਨੀਆਂ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ,<br>ਦੇਸ਼ ਦੀ ਖਾਤਰ ਵਾਰ ਗਏ ਜੋ ,ਪਿਆਰੀਆਂ- ਪਿਆਰੀਆਂ ਜਾਨਾਂ ਨੂੰ।"<br><br>ਪ੍ਰਸ਼ਨ:-1)'ਜਿਉਂਦੇ ਭਗਵਾਨ' ਕਵਿਤਾ ਦੇ ਕਵੀ ਦਾ ਨਾਂ ਦੱਸੋ?<br>ਪ੍ਰਸ਼ਨ:-2) ਮਾਵਾਂ ਦੇ ਪੁੱਤਰ ਕਿਸ ਵਰਗੇ ਹਨ ?<br>ਪ੍ਰਸ਼ਨ:-3)ਬਾਪੂ ਸ਼ਬਦ ਦਾ ਕੀ ਅਰਥ ਹੈ ?<br>ਪ੍ਰਸ਼ਨ:-4) ਕੌਣ ਆਪਣੇ ਪਿਆਰੀ- ਪਿਆਰੀ ਜਾਨ ਨੂੰ ਦੇਸ਼ ਲਈ ਵਾਰ ਗਏ ਹਨ? | **(1×4= 4)** |
| 12 | **'ਸ਼ਹੀਦੀ ਸੰਦੇਸ਼'** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। | **(4)** |
| 13 | **ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਤਿੰਨ ਚਾਰ ਸਤਰਾਂ ਵਿੱਚ ਲਿਖੋ:-**<br>ਪ੍ਰਸ਼ਨ:-ੳ) ਮਿੰਨੀ ਅਤੇ ਕਾਬੁਲੀਵਾਲੇ ਵਿਚਕਾਰ ਦੋਸਤੀ ਕਿਵੇਂ ਹੋਈ? ਦੋਹਾਂ ਵਿਚਕਾਰਾਂ ਆਮ- ਤੌਰ ਤੇ ਕੀ ਗੱਲਬਾਤ ਹੁੰਦੀ ਸੀ? ?<br>ਪ੍ਰਸ਼ਨ:-ਅ) ਕਾਬੁਲੀਵਾਲੇ ਦਾ ਮਿੰਨੀ ਲਈ ਪਿਆਰ ਪਿੱਛੇ ਅਸਲੀ ਕਾਰਨ ਕੀ ਸੀ? | **(2×2= 4)** |
| 14 | **ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :-**<br>ੳ) ਕੱਪੜੇ ਰੰਗਣ ਦਾ ਕੰਮ ਕੌਣ ਕਰਦਾ ਹੈ?<br>1) ਲਲਾਰੀ 2) ਮੋਚੀ 3) ਦਰਜੀ 4) ਘੁਮਿਆਰ<br>ਅ) ਮਨੁੱਖ ਦੀ ਮੁੱਢਲੀ ਲੋੜ ਕੀ ਹੈ?<br>1) ਪੜ੍ਹਾਈ 2) ਸਮਾਂ 3) ਕੱਪੜਾ 4) ਨੌਕਰੀ<br>ੲ) ਅਲੋਪ ਹੋ ਰਹੇ ਕਿਤੇ' ਲੇਖ ਦੇ ਲੇਖਕ ਦਾ ਨਾਂ ਦੱਸੋ?<br>1) ਹਰਿੰਦਰ ਕੌਰ 2) ਗੁਰਦੀਪ ਭੰਮਰਾ<br>3) ਸੰਤ ਸਿੰਘ ਸੇਖੋ 4) ਰਵਿੰਦਰ ਨਾਥ ਟੈਗੋਰ | **(1×3= 3)** |

**ਓ•ਐਸ •ਡੀ •ਏ• ਵੀ• ਪਬਲਿਕ ਸਕੂਲ ,ਕੈਥਲ**
**ਨਵੰਬਰ ਪ੍ਰੀਖਿਆ (2024-25)**
**ਜਮਾਤ: ਅੱਠਵੀਂ**
**ਵਿਸ਼ਾ: ਪੰਜਾਬੀ**

SET-B

**ਸਮਾਂ: 1:20 ਘੰਟਾ** **ਅਧਿਕਤਮ ਅੰਕ:- 30**

**ਜਰੂਰੀ ਹਦਾਇਤਾਂ :-**

1) ਲਿਖਾਈ ਸਾਫ ਅਤੇ ਸੁਥਰੀ ਲਿਖੋ।
2) ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ

| ਪ੍ਰਸ਼ਨ ਨੰਬਰ | ਪ੍ਰਸ਼ਨ<br>ਭਾਗ-ੳ( ਵਿਆਕਰਨ) | ਅੰਕ |
|---|---|---|
| 1 | **ਅਣਡਿੱਠਾ ਪੈਰਾ ਪੜ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-**<br>ਪੁਰਾਣੇ ਸਮੇਂ ਤੋਂ ਹੀ ਸਾਡੇ ਦੇਸ਼ ਵਿੱਚ ਰੁੱਖਾਂ ਨੂੰ ਬੜਾ ਪਵਿੱਤਰ ਸਮਝਿਆ ਜਾਂਦਾ ਰਿਹਾ ਹੈ ,ਖਾਸ ਕਰਕੇ ਬੋਹੜ ਤੇ ਪਿੱਪਲ ਦੇ ਰੁੱਖਾਂ ਨੂੰ। ਬਹੁਤ ਪਹਿਲਾਂ ਸਾਡੇ ਲੋਕ ਇੱਕ ਖਾਸ ਉਮਰ ਵਿੱਚ, ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਜੀਵਨ ਬਿਤਾਉਣ ਲਈ ਚਲੇ ਜਾਂਦੇ ਸਨ। ਰਿਸ਼ੀਆਂ- ਮੁਨੀਆਂ ਦੇ ਆਸ਼ਰਮ ਵੀ ਇਨ੍ਹਾਂ ਜੰਗਲਾਂ ਵਿੱਚ ਹੀ ਹੁੰਦੇ ਸਨ, ਜਿੱਥੇ ਜਾ ਕੇ ਇਹ ਲੋਕ ਤਪ ਕਰਦੇ ਤੇ ਆਤਮਿਕ ਸ਼ਾਂਤੀ ਪ੍ਰਾਪਤ ਕਰਦੇ ਸਨ। ਇਸ ਤਰ੍ਹਾਂ ਵਣਾਂ ਨਾਲ ਸਾਡਾ ਬਹੁਤ ਪੁਰਾਣਾ ਸੰਬੰਧ ਹੈ। ਬੱਚਿਓ ਤੁਸੀਂ ਵਣ ਮਹਾਂ- ਉਤਸਵ ਸ਼ਬਦ ਤਾਂ ਕਈ ਵਾਰ ਸੁਣਿਆ ਹੋਵੇਗਾ।ਦੇਸ਼ ਵਿੱਚ ਵਣ ਮਹਾਂ- ਉਤਸਵ ਦਾ ਦਿਨ ਹਰ ਸਾਲ ਮਨਾਇਆ ਜਾਂਦਾ ਹੈ। ਉਸ ਦਿਨ ਥਾਂ-ਥਾਂ ਤੇ ਖਾਸ ਕਰਕੇ ਸੜਕਾਂ ਦੇ ਨਾਲ- ਨਾਲ ਰੁੱਖ ਲਗਾਉਣ ਦਾ ਕੰਮ ਹੁੰਦਾ ਹੈ। ਇਸ ਲਈ ਵਣ ਮਹਾਂ- ਉਤਸਵ ਦਾ ਅਰਥ ਹੈ: ਜੰਗਲਾਂ ਤੇ ਰੁੱਖਾਂ ਦਾ ਵੱਡਾ ਤਿਉਹਾਰ । ਇਹ ਦਿਨ ਪ੍ਰੇਰਣਾ ਦਿੰਦਾ ਹੈ ਕਿ ਅਸੀਂ ਜੰਗਲਾਂ ਤੇ ਰੁੱਖਾਂ ਦੇ ਮਹੱਤਵ ਨੂੰ ਸਮਝੀਏ।<br><br>ੳ) ਪੁਰਾਣੇ ਸਮੇਂ ਤੋਂ ਹੀ ਸਾਡੇ ਦੇਸ਼ ਵਿੱਚ ਕਿਹੜੇ ਰੁੱਖਾਂ ਨੂੰ ਪਵਿੱਤਰ ਸਮਝਿਆ ਜਾਂਦਾ ਰਿਹਾ ਹੈ ?<br>ਅ) ਰਿਸ਼ੀਆਂ ਮੁਨੀਆਂ ਦੇ ਆਸ਼ਰਮ ਕਿੱਥੇ ਹੋਇਆ ਕਰਦੇ ਸਨ?<br>ੲ) ਵਣ ਮਹਾਂ-ਉਤਸਵ ਸ਼ਬਦ ਦਾ ਕੀ ਅਰਥ ਹੈ?<br>ਸ) ਕਿਸ ਨਾਲ ਸਾਡਾ ਬਹੁਤ ਪੁਰਾਣਾ ਸੰਬੰਧ ਹੈ?<br>ਹ) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ | (1×5= 5) |
| 2 | ਬਹੁਵਿਕਲਪੀ ਪ੍ਰਸ਼ਨ:- **ਸ਼ੁੱਧ ਸ਼ਬਦ ਜੋੜ ਚੁਣੋ:-**<br>1) ਬਿਚਾਰਾ 2) ਬੀਚਾਰਾ 3) ਵਿਚਾਰਾ 4) ਵੀਚਾਰਾ | (1) |
| 3 | ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਹੈ:- **ਕਾਟ**<br>1) ਮਿਲਾਉਣਾ 2) ਮਾਰ-ਕੁਟਾਈ 3) ਅਸਰ 4) ਆਓ ਭਗਤ | (1) |
| 4 | ਹੇਠ ਲਿਖੇ ਅਗੇਤਰ ਲਗਾ ਕੇ ਦੋ ਸ਼ਬਦ ਬਣਾਓ:- **ਹਮ** | (1) |
| 5 | ਹੇਠ ਲਿਖੇ ਪਿਛੇਤਰ ਲਗਾ ਕੇ ਦੋ ਸ਼ਬਦ ਬਣਾਓ:- **ਸਤਾਨ** | (1) |
| 6 | ਵਿਸਰਾਮ ਚਿੰਨ੍ਹ ਲਗਾਓ:-<br>ਹਰਿਆਣਾ ਬੜੇ ਬੜੇ ਸੰਤਾ ਸੂਰਮਿਆ ਭਗਤਾਂ ਤੇ ਸ਼ਹੀਦਾਂ ਦਾ ਦੇਸ਼ ਹੈ | (2) |
| 7 | ਵਿਰੋਧੀ ਸ਼ਬਦ ਲਿਖੋ:- **ਜਨਮ** | (1) |
| 8 | ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:- **ਜਿਹੜਾ ਮਨੁੱਖ ਲੋਹੇ ਦਾ ਕੰਮ ਕਰਦਾ ਹੋਵੇ।** | (1) |
| 9 | ਹੇਠ ਲਿਖੇ ਮੁਹਾਵਰੇ ਦਾ ਅਰਥ ਲਿਖ ਕੇ ਵਾਕ ਬਣਾਓ :- **ਸਿਰ ਤੇ ਚੁੱਕਣਾ** | (1) |

| | | |
|---|---|---|
| 10 | (ਬਹੁਵਿਕਲਪੀ ਪ੍ਰਸ਼ਨ)' ਸਵੈ ਭਰੋਸਾ ਵੱਡਾ ਤੋਸਾ' ਅਖਾਣ ਕਿਸ ਮੌਕੇ ਤੇ ਵਰਤਿਆ ਜਾਂਦਾ ਹੈ ।<br><br>1) ਕਸੂਰ ਕੋਈ ਕਰੇ ਤੇ ਸਜ਼ਾ ਕੋਈ ਹੋਰ ਭੁਗਤੇ<br>2) ਕੰਮ ਕਰਨ ਵਾਲੇ ਦੀ ਕਦਰ ਹੁੰਦੀ ਹੈ।<br>3) ਲਿਆਵੇ ਕੋਈ ਤੇ ਖਾਵੇ ਕੋਈ<br>4) ਸਵੈ-ਭਰੋਸੇ ਦਾ ਮਹੱਤਵ ਦੱਸਣ ਲਈ ਵਰਤਿਆ ਜਾਂਦਾ ਹੈ। | (1) |
| | **ਭਾਗ -ਅ (ਪਾਠ ਪੁਸਤਕ)** | |
| 11 | ਹੇਠ ਲਿਖੇ ਕਾਵਿ ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-<br>**" ਕਈ ਨਾਰਾਂ ਦੇ ਫੁੱਲਾਂ ਵਰਗੇ ,ਹਾਲੇ ਰੂਪ ਨਰੋਏ ਨੇ, ਸ਼ਗਨਾਂ ਦੇ ਹੱਥਾਂ ਵਿੱਚ ਗਾਨੇ, ਚਾਅ ਨਾ ਪੂਰੇ ਹੋਏ ਨੇ।**<br>**ਦਿਲ ਦੇ ਵਿੱਚ ਲਕੋਈ ਬੈਠੀਆਂ, ਲੱਖਾਂ ਹੀ ਅਰਮਾਨਾਂ ਨੂੰ, ਓ ਦੁਨੀਆਂ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ ,**<br>**ਦੇਸ਼ ਦੀ ਖਾਤਰ ਵਾਰ ਗਏ ਜੋ ,ਪਿਆਰੀਆਂ- ਪਿਆਰੀਆਂ ਜਾਨਾਂ ਨੂੰ।"**<br>1) ਇਹ ਕਾਵਿ ਟੋਟਾ ਕਿਹੜੀ ਕਵਿਤਾ ਵਿੱਚੋਂ ਲਿਆ ਗਿਆ ਹੈ?<br>2) ਇਸ ਕਵਿਤਾ ਦੇ ਕਵੀ ਦਾ ਕੀ ਨਾਂ ਹੈ?<br>3) ਨਾਰਾਂ ਦੇ ਰੂਪ ਕਿਸ ਵਰਗੇ ਹਨ?<br>4) ਸ਼ਗਨਾਂ ਸਮੇਂ ਕਿਹੜੀ ਚੀਜ਼ ਗੁੱਟ ਤੇ ਬੰਨੀ ਜਾਂਦੀ ਹੈ? | (1×4= 4) |
| 12 | **'ਸ਼ਹੀਦ ਸੰਦੇਸ਼'** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। | (4) |
| 13 | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਤਿੰਨ ਚਾਰ ਸਤਰਾਂ ਵਿੱਚ ਲਿਖੋ:-<br>ੳ) ਜੇਲ੍ਹ ਤੋਂ ਰਿਹਾਅ ਹੋ ਕੇ ਆਇਆ ਕਾਬੁਲੀਵਾਲਾ ਮਿੰਨੀ ਦੇ ਪਿਤਾ ਤੋਂ ਪਛਾਣਿਆ ਕਿਉਂ ਨਾ ਗਿਆ?<br>ਅ) ਨਿੱਕੀ ਮਿੰਨੀ ਦਾ ਸੁਭਾਅ ਕਿਹੋ ਜਿਹਾ ਸੀ? | (2×2= 4) |
| 14 | **ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :-**<br>ੳ) ਆਵੀ ਦਾ ਸਬੰਧ ਕਿਸ ਕਿੱਤੇ ਨਾਲ ਹੈ ?<br>ਲਲਾਰੀ     ਦਰਜੀ     ਘੁਮਿਆਰ     ਮੋਚੀ<br>ਅ) ਕਿਹੜਾ ਕਿੱਤਾ ਪਿਤਾ ਪੁਰਖੀ ਕਿੱਤਾ ਅਖਵਾਉਂਦਾ ਹੈ?<br>ਤੇਲੀ ਦਾ     ਜੁਲਾਹੇ ਦਾ     ਕਲਈਗਰ ਦਾ     ਘੜੀ ਸਾਜ ਦਾ<br>ੲ) ਫੁਲਕਾਰੀ ਕੀ ਹੁੰਦੀ ਹੈ?<br>1) ਫੁੱਲਾਂ ਦੀ ਛੋਟੀ ਬਗੀਚੀ।<br>2) ਇੱਕ ਤਰ੍ਹਾਂ ਦੀ ਕਢਾਈ<br>3) ਇੱਕ ਤਰ੍ਹਾਂ ਦੀ ਮਿਠਿਆਈ<br>4) ਫੁੱਲਾਂ ਦੀ ਕਢਾਈ ਵਾਲਾ ਕੱਪੜਾ ਜਿਸ ਦੀ ਵਰਤੋਂ ਸਿਰ ਢੱਕਣ ਲਈ ਕੀਤੀ ਜਾਂਦੀ ਹੈ। | (1×3= 3) |

ੳ.ਐਸ.ਡੀ .ਏ. ਵੀ. ਪਬਲਿਕ ਸਕੂਲ,ਕੈਥਲ

ਉੱਤਰ ਕੁੰਜੀ(2024-25)

ਜਮਾਤ: ਅੱਠਵੀਂ

SET-A

ਵਿਸ਼ਾ: ਪੰਜਾਬੀ

ਸਮਾਂ: 1:30 ਘੰਟਾ ਅਧਿਕਤਮ ਅੰਕ: 30

| ਪ੍ਰਸ਼ਨ. | ਭਾਗ-ੳ (ਵਿਆਕਰਨ ) | ਅੰਕ |
|---|---|---|
| 1 | ਅਣਡਿੱਠੇ ਪੈਰੇ ਦੇ ਪ੍ਰਸ਼ਨਾਂ ਦੇ ਉੱਤਰ :-<br>1) ਮਨੁੱਖ ਦੇ ਜੀਵਨ ਦੀ ਅਧਾਰਸ਼ਿਲਾ ਸਾਫ ਸਫਾਈ ਹੈ<br>2) ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਸਵੱਛਤਾ ਨੂੰ ਰਾਸ਼ਟਰ ਅੰਦੋਲਨ ਦਾ ਇੱਕ ਅੰਗ ਮੰਨਦੇ ਸਨ।<br>3) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਸਵੱਛ ਭਾਰਤ ਸਵਸਥ ਭਾਰਤ ਦਾ ਨਾਰਾ ਦਿੱਤਾ ਹੈ।<br>4) ਹਵਾ ਪ੍ਰਦੂਸ਼ਣ ਅੱਜ ਦੇ ਸਮੇਂ ਦੀ ਮੁੱਖ ਸਮੱਸਿਆ ਬਣਦੀ ਜਾ ਰਹੀ ਹੈ।<br>5) ਸਾਫ ਸਫਾਈ ਦਾ ਮਹੱਤਵ/ ਸਾਫ ਸਫਾਈ ਤੇ ਮਨੁੱਖ ਦਾ ਜੀਵਨ/ ਸਵੱਛਤਾ | (5) |
| 2 | ਸ਼ੁੱਧ ਸ਼ਬਦ ਜੋੜ :-3. ਬਾਂਦਰ | (1) |
| 3 | ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਹੈ:- 3) ਇੱਕ ਸੁਆਦ | (1) |
| 4 | ਅਗੇਤਰ ਲਗਾ ਕੇ ਦੋ ਸ਼ਬਦ :- ਸਵੈਮਾਣ ,ਸਵੈਭਰੋਸਾ, ਸਵੈਪੜਚੋਲ, ਸਵੈਜੀਵਨੀ | (1) |
| 5 | ਪਿਛੇਤਰ ਲਗਾ ਕੇ ਦੋ ਸ਼ਬਦ:- ਪਾਠਸ਼ਾਲਾ ,ਧਰਮਸ਼ਾਲਾ, ਯੋਗਸ਼ਾਲਾ | (1) |
| 6 | ਵਿਸਰਾਮ ਚਿੰਨ੍ਹ ਲਗਾਓ:- ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਨੌਵੇਂ ਗੁਰੂ ਲਈ 'ਬਾਬਾ ਬਕਾਲੇ' ਸ਼ਬਦ ਕਹਿ ਕੇ ਜੋਤੀ -ਜੋਤ ਸਮਾ ਗਏ। | (2) |
| 7 | ਵਿਰੋਧੀ ਸ਼ਬਦ ਲਿਖੋ:- ਮਾੜਾ | (1) |
| 8 | ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:- ਨਾਵਲਕਾਰ | (1) |
| 9 | ਹੇਠ ਲਿਖੇ ਮੁਹਾਵਰੇ ਦਾ ਅਰਥ ਲਿਖ ਕੇ ਵਾਕ ਬਣਾਓ:- (ਪਛਤਾਉਣਾ) ਰਾਮ ਪਹਿਲਾਂ ਤਾਂ ਪੜ੍ਹਿਆ ਹੀ ਨਹੀਂ ਤੇ ਪ੍ਰੀਖਿਆ ਸਮੇਂ ਆਪਣੇ ਹੱਥ ਮਲ ਰਿਹਾ ਸੀ । | (1) |
| 10 | (ਬਹੁਵਿਕਲਪੀ ਪ੍ਰਸ਼ਨ)' ਸੌ ਦਿਨ ਚੋਰ ਦੇ ਇੱਕ ਦਿਨ ਸਾਧ ਦਾ' ਇਹ ਅਖਾਣ ਕਿਹੜੇ ਮੌਕੇ ਤੇ ਵਰਤਿਆ ਜਾਂਦਾ ਹੈ।<br>2) ਚੋਰ ਜਾਂ ਦੋਸ਼ੀ ਕਦੇ ਨਾ ਕਦੇ ਕਾਬੂ ਆ ਹੀ ਜਾਂਦਾ ਹੈ। | (1) |
| | ਭਾਗ-ਅ (ਪਾਠ ਪੁਸਤਕ) | |
| 11 | ਹੇਠ ਲਿਖੇ ਕਾਵਿ ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-<br>1) ਇਸ ਕਵਿਤਾ ਦੇ ਕਵੀ ਦਾ ਨਾਂ ਨੰਦ ਲਾਲ ਨੂਰਪੁਰੀ ਜੀ ਹੈ।<br>2) ਮਾਵਾਂ ਦੇ ਪੁੱਤਰ ਸਰੂਆਂ, ਸੋਨੇ ਅਤੇ ਹੀਰੇ ਵਰਗੇ ਹਨ।<br>3)ਬਾਪੂ ਸ਼ਬਦ ਦਾ ਅਰਥ ਪਿਓ ਪਿਤਾ ਅਤੇ ਬਾਪ ਹੈ।<br>4) ਦੇਸ਼ ਭਗਤ ਆਪਣੀ ਪਿਆਰੀ- ਪਿਆਰੀ ਜਾਨ ਨੂੰ ਦੇਸ਼ ਲਈ ਵਾਰ ਗਏ ਹਨ। | (1×4=4) |
| 12 | 'ਸ਼ਹੀਦੀ ਸੰਦੇਸ਼' ਕਵਿਤਾ ਕਵੀ ਸੋਹਣ ਸਿੰਘ ਮੀਸ਼ਾ ਜੀ ਦੀ ਲਿਖੀ ਹੋਈ ਹੈ। ਇਸ ਕਵਿਤਾ ਵਿੱਚ ਕਵੀ ਸਾਨੂੰ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹਿੰਦੂ ਧਰਮ ਦੀ ਰੱਖਿਆ ਲਈ ਦਿੱਤੀ ਗਈ ਕੁਰਬਾਨੀ ਬਾਰੇ ਦੱਸਿਆ ਗਿਆ ਹੈ ।ਉਹਨਾਂ ਨੇ ਆਪਣੇ ਕੁਰਬਾਨੀ ਦੇ ਕੇ ਸਾਨੂੰ ਸਮਝਾਇਆ ਹੈ | (4) |

| | | |
|---|---|---|
| | ਕਿ ਸਾਰੇ ਧਰਮ ਪਵਿੱਤਰ ਹਨ ਤੇ ਸਾਨੂੰ ਸਭ ਧਰਮਾਂ ਦਾ ਆਦਰ ਕਰਨਾ ਚਾਹੀਦਾ ਹੈ। ਸਾਨੂੰ ਕਦੇ ਵੀ ਕਿਸੇ ਵੀ ਮਨੁੱਖ ਨੂੰ ਆਪਣਾ ਧਰਮ ਛੱਡਣ ਦੀ ਧਮਕੀ ਨਹੀਂ ਦੇਣੀ ਚਾਹੀਦੀ ਹੈ ਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਜੀ ਨੇ ਤਿਲਕ ਤੇ ਜੰਞੂ ਜੋ ਕਿ ਹਿੰਦੂ ਧਰਮ ਦੇ ਪ੍ਰਤੀਕ ਹਨ ਨੂੰ ਬਚਾਉਣ ਲਈ ਸ਼ਹੀਦੀ ਦਿੱਤੀ ਅਤੇ ਸਾਨੂੰ ਨਿਡਰ ਹੋ ਕੇ ਜਿਉਣਾ ਸਿਖਾਇਆ ਅਤੇ ਇਹ ਵੀ ਸਮਝਾਇਆ ਕਿ ਜੇ ਅਜਿਹੀ ਮੁਸੀਬਤ ਮੁਸਲਮਾਨ ਧਰਮ ਉੱਤੇ ਆਉਂਦੀ ਤਾਂ ਗੁਰੂ ਜੀ ਉਹਨਾਂ ਲਈ ਵੀ ਅਜਿਹਾ ਹੀ ਕਰਦੇ। ਸਾਰੇ ਧਰਮ ਬਰਾਬਰ ਹਨ ਤੇ ਸਾਨੂੰ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ। ਸਾਰੇ ਧਾਰਮਿਕ ਸਥਾਨ ਸਾਨੂੰ ਮਾਨਤ ਦੀ ਇੱਕੋ ਜਾਤ ਦਾ ਸੰਦੇਸ਼ ਦਿੰਦੇ ਹਨ। ਠੀਕ ਮਕਸਦ ਲਈ ਚੁੱਕੇ ਗਏ ਕਦਮਾਂ ਦੇ ਰਾਹ ਵਿੱਚ ਕੋਈ ਮੁਸੀਬਤ ਟਿੱਕ ਨਹੀਂ ਸਕਦੀ ਤੇ ਜਦੋਂ ਭਕਤੀ ਨਾਲ ਸ਼ਕਤੀ ਉਲਝਦੀ ਹੈ ਤਾਂ ਜਿੱਤ ਹਮੇਸ਼ਾ ਭਗਤੀ ਦੀ ਹੀ ਹੁੰਦੀ ਹੈ। | |
| **13** | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਤਿੰਨ ਚਾਰ ਸਤਰਾਂ ਵਿੱਚ ਲਿਖੋ:-<br>ੳ) ਕਾਬੁਲੀਵਾਲਾ ਹਰ ਰੋਜ਼ ਗਲੀ ਵਿੱਚ ਸਮਾਨ ਵੇਚਣ ਆਉਂਦਾ ਸੀ। ਉਸਨੇ ਕਿਸ਼ਮਿਸ਼ ਤੇ ਬਦਾਮ ਦੇ ਕੇ ਮਿੰਨੀ ਦੇ ਛੋਟੇ ਜਿਹੇ ਦਿਲ ਵਿੱਚ ਆਪਣੀ ਥਾਂ ਬਣਾ ਲਈ ਸੀ। ਦੋਹਾਂ ਵਿਚਕਾਰ ਆਮ ਤੌਰ ਤੇ ਝੋਲੇ ਵਿਚਲੇ ਸਮਾਨ ਬਾਰੇ ਤੇ ਸਹੁਰੇ ਘਰ ਜਾਣ ਬਾਰੇ ਗੱਲਬਾਤ ਹੁੰਦੀ ਸੀ।<br>ਅ) ਕਾਬੁਲੀਵਾਲੇ ਦਾ ਮਿੰਨੀ ਲਈ ਪਿਆਰ ਪਿੱਛੇ ਅਸਲੀ ਕਾਰਨ ਇਹ ਸੀ ਕਿ ਕਾਬੁਲੀਵਾਲੇ ਦੀ ਵੀ ਇੱਕ ਧੀ ਸੀ, ਜੋ ਕਿ ਮਿਨੀ ਦੀ ਉਮਰ ਜਿੱਡੀ ਸੀ।ਮਿੰਨੀ ਨੂੰ ਵੇਖ ਕੇ ਕਾਬੁਲੀਵਾਲੇ ਨੂੰ ਆਪਣੀ ਧੀ ਦੀ ਯਾਦ ਆਉਂਦੀ ਸੀ ਉਹ ਮਿਨੀ ਨੂੰ ਆਪਣੀ ਧੀ ਵਰਗੀ ਹੀ ਸਮਝਦਾ ਸੀ। | **(2×2=4)** |
| **14** | ਵਿਕਲਪਾਂ ਵਿੱਚੋਂ ਸਹੀ ਉੱਤਰ :-<br>ੳ)ਲਲਾਰੀ<br>ਅ) ਕੱਪੜਾ<br>ੲ) ਗੁਰਦੀਪ ਭੰਮਰਾ | **(1×3=3)** |

ਓ•ਐਸ •ਡੀ •ਏ• ਵੀ• ਪਬਲਿਕ ਸਕੂਲ ,ਕੈਥਲ

SET-

ਉੱਤਰ ਕੁੰਜੀ(2024-25)

ਜਮਾਤ: ਅੱਠਵੀਂ

ਵਿਸ਼ਾ:-ਪੰਜਾਬੀ

ਸਮਾਂ: 1:30 ਘੰਟਾ ਅਧਿਕਤਮ ਅੰਕ:- 30

| ਪ੍ਰਸ਼ਨ ਨੰਬਰ | ਪ੍ਰਸ਼ਨ<br>ਭਾਗ-ਓ( ਵਿਆਕਰਨ) | ਅੰਕ |
|---|---|---|
| 1 | ਅਣਡਿੱਠਾ ਪੈਰਾ ਦੇ ਪ੍ਰਸ਼ਨਾਂ ਦੇ ਉੱਤਰ :-<br>ੳ) ਪੁਰਾਣੇ ਸਮੇਂ ਤੋਂ ਹੀ ਸਾਡੇ ਦੇਸ਼ ਵਿੱਚ ਬੋਹੜ ਤੇ ਪਿੱਪਲ ਦੇ ਰੁੱਖਾਂ ਨੂੰ ਪਵਿੱਤਰ ਸਮਝਿਆ ਜਾਂਦਾ ਰਿਹਾ ਹੈ।<br>ਅ) ਰਿਸ਼ੀਆਂ ਮੁਨੀਆਂ ਦੇ ਆਸ਼ਰਮ ਜੰਗਲਾਂ ਵਿੱਚ ਹੋਇਆ ਕਰਦੇ ਸਨ।<br>ੲ) ਵਣ ਮਹਾਂ-ਉਤਸਵ ਸ਼ਬਦ ਦਾ ਅਰਥ ਹੈ -ਜੰਗਲਾਂ ਤੇ ਰੁੱਖਾਂ ਦਾ ਵੱਡਾ ਤਿਉਹਾਰ।<br>ਸ) ਰੁੱਖਾਂ ਜਾਂ ਵਣਾਂ ਨਾਲ ਸਾਡਾ ਬਹੁਤ ਪੁਰਾਣਾ ਸੰਬੰਧ ਹੈ।<br>ਹ) ਰੁੱਖ ਜੀਵਨ ਦਾ ਆਧਾਰ / ਵਣਾਂ ਦਾ ਸਾਡੇ ਜੀਵਨ ਵਿੱਚ ਮਹੱਤਵ। | (1×5 =5) |
| 2 | ਬਹੁਵਿਕਲਪੀ ਪ੍ਰਸ਼ਨ:- ਸ਼ੁੱਧ ਸ਼ਬਦ ਜੋੜ ਚੁਣੋ:- 3) ਵਿਚਾਰਾ | (1) |
| 3 | ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਹੈ:-3)ਅਸਰ | (1) |
| 4 | ਅਗੇਤਰ ਲਗਾ ਕੇ ਦੋ ਸ਼ਬਦ :- ਹਮਦਰਦ, ਹਮਸ਼ਕਲ, ਹਮਸਫ਼ਰ, ਹਮਉਮਰ | (1) |
| 5 | ਪਿਛੇਤਰ ਲਗਾ ਕੇ ਦੋ ਸ਼ਬਦ :- ਪਾਕਿਸਤਾਨ ,ਬਲੋਚਿਸਤਾਨ, ਹਿੰਦੁਸਤਾਨ | (1) |
| 6 | ਵਿਸਰਾਮ ਚਿੰਨ੍ਹ :- ਭਾਰਤ ਬੜੇ -ਬੜੇ ਸੰਤਾਂ, ਸੂਰਮਿਆਂ,ਭਗਤਾਂ ਤੇ ਸ਼ਹੀਦਾਂ ਦਾ ਦੇਸ਼ ਹੈ। | (2) |
| 7 | ਵਿਰੋਧੀ ਸ਼ਬਦ ਲਿਖੋ:- ਮਰਨ | (1) |
| 8 | ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:- ਲੁਹਾਰ | (1) |
| 9 | ਹੇਠ ਲਿਖੇ ਮੁਹਾਵਰੇ ਦਾ ਅਰਥ ਲਿਖ ਕੇ ਵਾਕ ਬਣਾਓ :-<br>(ਬਹੁਤ ਸਤਿਕਾਰ ਕਰਨਾ) ਪੰਜਾਬੀ ਲੋਕ ਆਪਣੇ ਮਹਿਮਾਨਾਂ ਨੂੰ ਸਿਰ ਤੇ ਚੁੱਕ ਕੇ ਰੱਖਦੇ ਹਨ। | (1) |
| 10 | (ਬਹੁਵਿਕਲਪੀ ਪ੍ਰਸ਼ਨ)' ਸਵੈ ਭਰੋਸਾ ਵੱਡਾ ਤੋਸਾ' ਅਖਾਣ ਕਿਸ ਮੌਕੇ ਤੇ ਵਰਤਿਆ ਜਾਂਦਾ ਹੈ ।<br>4) ਸਵੈ-ਭਰੋਸੇ ਦਾ ਮਹੱਤਵ ਦੱਸਣ ਲਈ ਵਰਤਿਆ ਜਾਂਦਾ ਹੈ। | (1) |
| | ਭਾਗ -ਅ (ਪਾਠ ਪੁਸਤਕ) | |
| 11 | **ਹੇਠ ਲਿਖੇ ਕਾਵਿ ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-**<br>1) **ਇਹ ਕਾਵਿ ਟੋਟਾ ਜਿਉਂਦੇ ਭਗਵਾਨ ਕਵਿਤਾ ਵਿੱਚੋਂ ਲਿਆ ਗਿਆ ਹੈ।**<br>**2) ਇਸ ਕਵਿਤਾ ਦੇ ਕਵੀ ਦਾ ਨਾਂ ਨੰਦ ਲਾਲ ਨੂਰਪੁਰੀ ਜੀ ਹੈ।**<br>**3) ਨਾਰਾਂ ਦੇ ਰੂਪ ਫੁੱਲਾਂ ਵਰਗੇ ,ਜਵਾਨ ,ਤੰਦਰੁਸਤ ਤੇ ਸੱਜਰੇ ਹਨ।**<br>**4) ਸ਼ਗਨਾਂ ਸਮੇਂ ਗਾਨਾ ਗੁੱਟ ਤੇ ਬੰਨਿਆ ਜਾਂਦਾ ਹੈ।** | (1×4 =4) |
| 12 | 'ਸ਼ਹੀਦ ਸੰਦੇਸ਼' ਕਵਿਤਾ ਕਵੀ ਸੋਹਣ ਸਿੰਘ ਮੀਸ਼ਾ ਜੀ ਦੀ ਲਿਖੀ ਹੋਈ ਹੈ। ਇਸ ਕਵਿਤਾ ਵਿੱਚ ਕਵੀ ਸਾਨੂੰ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹਿੰਦੂ ਧਰਮ ਦੀ ਰੱਖਿਆ | (4) |

| | | |
|---|---|---|
| | ਲਈ ਦਿੱਤੀ ਗਈ ਕੁਰਬਾਨੀ ਬਾਰੇ ਦੱਸਿਆ ਗਿਆ ਹੈ ।ਉਹਨਾਂ ਨੇ ਆਪਣੇ ਕੁਰਬਾਨੀ ਦੇ ਕੇ ਸਾਨੂੰ ਸਮਝਾਇਆ ਹੈ ਕਿ ਸਾਰੇ ਧਰਮ ਪਵਿੱਤਰ ਹਨ ਤੇ ਸਾਨੂੰ ਸਭ ਧਰਮਾਂ ਦਾ ਆਦਰ ਕਰਨਾ ਚਾਹੀਦਾ ਹੈ। ਸਾਨੂੰ ਕਦੇ ਵੀ ਕਿਸੇ ਵੀ ਮਨੁੱਖ ਨੂੰ ਆਪਣਾ ਧਰਮ ਛੱਡਣ ਦੀ ਧਮਕੀ ਨਹੀਂ ਦੇਣੀ ਚਾਹੀਦੀ ਹੈ ਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਜੀ ਨੇ ਤਿਲਕ ਤੇ ਜੰਞੂ ਜੋ ਕਿ ਹਿੰਦੂ ਧਰਮ ਦੇ ਪ੍ਰਤੀਕ ਹਨ ਨੂੰ ਬਚਾਉਣ ਲਈ ਸ਼ਹੀਦੀ ਦਿੱਤੀ ਅਤੇ ਸਾਨੂੰ ਨਿਡਰ ਹੋ ਕੇ ਜਿਉਣਾ ਸਿਖਾਇਆ ਅਤੇ ਇਹ ਵੀ ਸਮਝਾਇਆ ਕਿ ਜੇ ਅਜਿਹੀ ਮੁਸੀਬਤ ਮੁਸਲਮਾਨ ਧਰਮ ਉੱਤੇ ਆਉਂਦੀ ਤਾਂ ਗੁਰੂ ਜੀ ਉਹਨਾਂ ਲਈ ਵੀ ਅਜਿਹਾ ਹੀ ਕਰਦੇ। ਸਾਰੇ ਧਰਮ ਬਰਾਬਰ ਹਨ ਤੇ ਸਾਨੂੰ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ। ਸਾਰੇ ਧਾਰਮਿਕ ਸਥਾਨ ਸਾਨੂੰ ਮਾਨਤ ਦੀ ਇੱਕੋ ਜਾਤ ਦਾ ਸੰਦੇਸ਼ ਦਿੰਦੇ ਹਨ। ਠੀਕ ਮਕਸਦ ਲਈ ਚੁੱਕੇ ਗਏ ਕਦਮਾਂ ਦੇ ਰਾਹ ਵਿੱਚ ਕੋਈ ਮੁਸੀਬਤ ਟਿੱਕ ਨਹੀਂ ਸਕਦੀ ਤੇ ਜਦੋਂ ਭਕਤੀ ਨਾਲ ਸ਼ਕਤੀ ਉਲਝਦੀ ਹੈ ਤਾਂ ਜਿੱਤ ਹਮੇਸ਼ਾ ਭਗਤੀ ਦੀ ਹੀ ਹੁੰਦੀ ਹੈ। | |
| **13** | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਤਿੰਨ ਚਾਰ ਸਤਰਾਂ ਵਿੱਚ ਲਿਖੋ:-<br>ੳ) ਜੇਲ੍ਹ ਤੋਂ ਰਿਹਾਅ ਹੋ ਕੇ ਆਇਆ ਕਾਬੁਲੀਵਾਲਾ ਮਿੰਨੀ ਦੇ ਪਿਤਾ ਤੋਂ ਪਛਾਣਿਆ ਇਸ ਲਈ ਨਹੀਂ ਗਿਆ ਕਿਉਂਕਿ ਨਾ ਤਾਂ ਉਸ ਕੋਲ ਕੋਈ ਝੋਲਾ ਸੀ ਤੇ ਨਾ ਹੀ ਚਿਹਰੇ ਉੱਤੇ ਪਹਿਲਾਂ ਵਾਲੀ ਖੁਸ਼ੀ ਸੀ। ਬੜੇ ਹੀ ਧਿਆਨ ਨਾਲ ਵੇਖਣ ਤੋਂ ਪਤਾ ਲੱਗਿਆ ਕਿ ਉਹ ਕਾਬੁਲੀਵਾਲਾ ਹੈ।<br>ਅ) ਨਿੱਕੀ ਮਿੰਨੀ ਦਾ ਸੁਭਾਅ ਬੜਾ ਮਿਲਣਸਾਰ ਸੀ ।ਉਹ ਬੜੀ ਗਾਲੜੀ ਸੀ। ਉਹ ਆਪਣੇ ਪਿਤਾ ਜੀ ਤੋਂ ਆਪੇ ਪ੍ਰਸ਼ਨ ਪੁੱਛਦੀ ਤੇ ਉਸਦਾ ਉੱਤਰ ਵੀ ਆਪੇ ਹੀ ਦੇ ਦਿੰਦੇ ਸੀ। | **(2×2 =4)** |
| **14** | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :-<br>ੳ) ਘੁਮਿਆਰ<br>ਅ) ਜੁਲਾਹੇ ਦਾ<br>ੲ) ਫੁੱਲਾਂ ਦੀ ਕਢਾਈ ਵਾਲਾ ਕੱਪੜਾ ਜਿਸ ਦੀ ਵਰਤੋਂ ਸਿਰ ਢੱਕਣ ਲਈ ਕੀਤੀ ਜਾਂਦੀ ਹੈ। | **(1×3 =3)** |